International Research Journal of Human Resource and Social Sciences
ISSN(O): (2349-4085) ISSN(P): (2394-4218)
Volume 3, Issue 5, May 2016 , Impact Factor-3.866
©ASSOCIATED Asia Research Foundation
Website- www.aarf.asia, Email : editor@aarf.asia , editoraarf@gmail.com

# ਆਧੁਨਿਕ ਨਾਟਕਾਰ ਜਤਿੰਦਰ ਬਰਾੜ ਦੇ ਨਾਟਕਾਂ ਦਾ ਵਿਸ਼ੈਗਤ ਅਧਿਅਨ

ਪ੍ਰੋ. ਮੰਗਤ ਰਾਮ
ਪੋਸਟ ਗ੍ਰੈਜੁਏਟ ਪੰਜਾਬੀ ਵਿਭਾਗ
ਸੰਤ ਪ੍ਰੇਮ ਸਿੰਘ ਕਰਮਸਰ ਖਾਲਸਾ ਕਾਲਜ,
ਬੇਗੋਵਾਲ (ਕਪੂਰਥਲਾ)

ਆਧੁਨਿਕ ਨਾਟਕਾਰ ਜਤਿੰਦਰ ਬਰਾੜ ਦੇ ਨਾਟਕਾਂ ਨੂੰ ਸ਼ਿਲਪ ਵਿਧਾਨ ਤਹਿਤ ਦੋ ਤਰੀਕਿਆਂ ਤੋਂ ਅਧਿਐਨ ਕੀਤਾ ਜਾ ਸਕਦਾ ਹੈ। ਇੱਕ ਨਾਟ-ਵਸਤੂ ਤਹਿਤ ਅਤੇ ਦੂਸਰਾ ਨਾਟਕ ਦੇ ਤਕਨੀਕੀ ਪੱਖ ਤਹਿਤ। ਇਹਨਾਂ ਦੋ ਪੱਖਾਂ ਦਾ ਅਧਿਐਨ ਇਸ ਪ੍ਰਕਾਰ ਹੈ।

1. ਨਾਟ-ਵਸਤੂ

ਸਾਹਿਤ ਸਮਕਾਲੀਨ ਸਮਾਜਿਕ, ਸਦਾਚਾਰਿਕ, ਰਾਜਨੀਤਿਕ ਅਤੇ ਆਰਥਿਕ ਪ੍ਰਸਥਿਤੀਆਂ ਨੂੰ ਢੁੱਕਵੇਂ ਰੂਪ ਵਿੱਚ ਪ੍ਰਤੀਬਿੰਬਤ ਕਰਦਾ ਹੈ। ਜਿੱਥੋਂ ਤੀਕ ਨਾਟਕ ਦੀ ਵਿਧਾ ਦਾ ਸੰਬੰਧ ਹੈ ਇਸ ਦਾ ਉਦੇਸ਼ ਵਾਸਤਵ ਵਿੱਚ ਸਾਹਿਤ ਦੇ ਉਦੇਸ਼ ਨਾਲੋਂ ਭਿੰਨ ਨਹੀਂ, ਪਰੰਤੂ ਨਾਟਕ ਇੱਕ ਅਜਿਹਾ ਸਾਹਿਤ-ਰੂਪ ਹੈ ਜਿਸ ਵਿੱਚ ਨਾਟਕਕਾਰ ਜੀਵਨ ਦੇ ਕਿਸੇ ਸੱਚ ਦੀ ਵਿਆਖਿਆ ਨੂੰ ਦਰਸ਼ਕਾਂ ਸਾਹਮਣੇ ਪਾਤਰਾਂ ਦੇ ਕਾਰਜ ਰਾਹੀਂ ਪੇਸ਼ ਕਰਦਾ ਹੈ। ਨਾਟਕ ਕਲਾ ਅਜਿਹੀ ਚੇਤੰਨ ਕਲਾ ਹੈ, ਜੋ ਹਰ ਵੰਗਾਰ ਦੇ ਸਨਮੁੱਖ ਆਪਣੀ ਠੁੱਕ ਬਣਾਕੇ ਜਨ-ਸਧਾਰਨ ਦੇ ਸੁਖਾਵੇਂ ਜੀਵਨ ਦਾ ਅਧਾਰ ਬਣਦੀ ਹੈ। ‘‘ਅੱਜ ਨਾਟਕ ਵਿੱਚ ਨਿਰੇ ਪਾਤਰ ਨਹੀਂ ਪੇਸ਼ ਕੀਤੇ ਜਾਂਦੇ, ਸਗੋਂ ਉਹ ਹਾਲਾਤ ਪੇਸ਼ ਕੀਤੇ ਜਾਂਦੇ ਹਨ, ਉਹ ਤ੍ਰਾਸਦੀ ਭਰਪੂਰ ਮੌਕੇ ਪੇਸ਼ ਕੀਤੇ ਜਾਂਦੇ ਹਨ, ਜਿਨ੍ਹਾਂ ਰਾਹੀਂ ਮੱਧ-ਵਰਗੀ ਲੋਕਾਂ ਵਿੱਚ ਪਤੀ, ਪਿਤਾ, ਭੈਣ, ਪੁੱਤਰ ਤੇ ਪ੍ਰੇਮੀ ਆਦਿ ਦੇ ਰਿਸ਼ਤੇ ਬਦਲਦੇ ਹਨ ਤੇ ਟਕਰਾਉਂਦੇ ਹਨ।1

ਆਧੁਨਿਕ ਗੁੰਝਲਦਾਰ ਸਮਾਜ ਦੇ ਘੇਰੇ ਵਿੱਚ ਉਲਝੇ ਮਨੁੱਖ ਦੀ ਯੋਗ ਅਗਵਾਈ ਉਹ ਹੀ ਨਾਟਕਕਾਰ ਕਰ ਸਕਦਾ ਹੈ ਜਿਸਦੇ ਨਾਟਕ ਦਾ ਨਾਟ-ਵਸਤੂ ਵਿਅਕਤੀ ਨੂੰ ਉਸਦੇ ਹੱਕਾਂ ਪੂਰੀ ਤਰ੍ਹਾਂ ਵਚਨਬੱਧ ਜਾਪਦਾ ਹੈ। ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਸਮਕਾਲੀ ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕਾਂ ਦਾ ਵਸਤੂ-ਜਗਤ ਮੁੱਖ ਰੂਪ ਵਿੱਚ ਸਮਾਜਿਕ ਕੁਰੀਤੀਆਂ ਤੇ ਦਿਨੋ-ਦਿਨ ਗਿਰ ਰਹੇ ਰਾਜਸੀ ਪੱਧਰ ਦੇ ਆਰ-ਪਾਰ ਫੈਲਿਆ ਹੋਇਆ ਹੈ। ਜਤਿੰਦਰ ਬਰਾੜ ਦੇ ਹੁਣ ਤੱਕ ਪ੍ਰਕਾਸ਼ਿਤ ਨਾਟਕ ‘ਲੋਹੇ ਦੀ ਭੱਠੀ’, ‘ਫ਼ਾਸਲੇਂ’, ‘ਕੁਦੇਸਣ’, ਅਤੇ ‘ਪਾਏਦਾਨ’ ਵਿੱਚ ਸਮਕਾਲੀ ਸਮਾਜ ਦੀਆਂ ਪਰਿਸਥਿਤੀਆਂ ਸਮਾਜਿਕ, ਆਰਥਿਕ, ਧਾਰਮਿਕ, ਦਲਿਤ ਵਰਗ ਦੀਆਂ ਸਮੱਸਿਆਵਾਂ, ਅਨਪੜ੍ਹਤਾ, ਇਸਤਰੀ ਦਮਨ, ਬਦਲਦੇ ਮਨੁੱਖੀ ਰਿਸ਼ਤੇ ਅਤੇ ਰਾਜਨੀਤਿਕ ਭ੍ਰਿਸ਼ਟਾਚਾਰੀ ਆਦਿ ਵਿਸ਼ਿਆਂ ਨੂੰ ਨਾਟ-ਵਸਤੂ ਦੇ ਰੂਪ ਵਿੱਚ ਪ੍ਰਗਟਾਇਆ ਗਿਆ ਹੈ।

ਆਧੁਨਿਕ ਨਾਟਕਕਾਰ ਜਤਿੰਦਰ ਬਰਾੜ ਨੇ ਆਪਣੇ ਪਹਿਲੇ ਨਾਟਕ 'ਲੋਹੇ ਦੀ ਭੱਠੀ' ਵਿੱਚ ਨਿਮਨ ਮਜ਼ਦੂਰ ਸ਼੍ਰੇਣੀ ਦੇ ਸਰੀਰਕ ਤੇ ਆਰਥਿਕ ਤੌਰ ਤੇ ਹੁੰਦੇ ਸ਼ੋਸ਼ਣ ਦੀ ਸਮੱਸਿਆ ਨੂੰ ਨਾਟਕ ਦਾ ਮੁੱਖ ਵਿਸ਼ਾ ਬਣਾ ਕੇ ਪੇਸ਼ ਕੀਤੀ ਹੈ। ਜਤਿੰਦਰ ਬਰਾੜ ਦੂਸਰਾ ਨਾਟਕ 'ਫ਼ਾਸਲੇ' ਮਨੁੱਖੀ ਮਨਾਂ ਵਿੱਚ ਦਿਨੋ-ਦਿਨ ਵੱਧ ਰਹੇ ਫ਼ਾਸਲਿਆਂ ਨੂੰ ਪ੍ਰਗਟਾਉਂਦਾ ਨੂੰ ਪ੍ਰਗਟਾਉਂਦਾ ਨਾਟਕ ਹੈ। ਉਸਦੇ ਅਗਲੇ ਨਾਟਕ 'ਕੁਦੇਸ਼ਣ' ਵਿੱਚ ਦੇਸ਼ ਦੇ ਹਰ ਸੂਬੇ ਦੇ ਅੰਦਰ ਕਿਸੇ ਨਾ ਕਿਸੇ ਰੂਪ ਵਿੱਚ ਔਰਤ ਦੇ ਸ਼ੋਸ਼ਣ ਅਤੇ ਇਸ ਕਾਰਨ ਉਨ੍ਹਾਂ ਔਰਤਾਂ ਵੱਲੋਂ ਆਪਣੇ ਮਾਨਸਿਕ ਤੇ ਸਰੀਰਕ ਤੌਰ 'ਤੇ ਹੰਢਾਈਆਂ ਦਰਦਨਾਕ ਪੀੜਾਂ ਨੂੰ ਬੜੇ ਤ੍ਰਾਸਦਿਕ ਢੰਗ ਪੇਸ਼ ਕੀਤਾ ਹੈ। ਨਾਟਕਕਾਰਾਂ ਦਾ ਚੌਥਾ ਨਾਟਕ 'ਪਾਏਦਾਨ' ਸਮਾਜ ਵਿੱਚ ਰੁਲ ਰਹੇ ਅਜਿਹੇ ਮਾਸੂਮ ਗ਼ਰੀਬ ਬੱਚਿਆਂ ਨੂੰ ਆਪਣੇ ਨਾਟਕ ਦਾ ਕੇਂਦਰ ਬਿੰਦੂ ਬਣਾਉਂਦਾ ਹੈ ਜਿਨ੍ਹਾਂ ਦਾ ਵਰਤਮਾਨ ਤੇ ਭਵਿੱਖ ਦੋਨੋਂ ਹਨ੍ਹੇਰੇ ਵਿੱਚ ਹਨ। ਸ਼ੁੱਧ ਵਾਤਾਵਰਣ, ਚੰਗੀ ਖ਼ੁਰਾਕ, ਚੰਗਾ ਰਹਿਣ-ਸਹਿਣ ਆਦਿ ਨਾ ਹੋਣ ਕਾਰਨ, ਕਈ ਵਾਰੀ ਉਹ ਕਈ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ । ਇਸ ਲਈ ਕਿਹਾ ਜਾ ਸਕਦਾ ਹੈ ਕਿ ਜਤਿੰਦਰ ਬਰਾੜ ਨੇ ਸਮਾਜਿਕ ਕੁਰੀਤੀਆਂ ਤੇ ਭ੍ਰਿਸ਼ਟ ਹੋ ਚੁੱਕੀ ਰਾਜਸੀ ਪੱਧਰ ਦੀ ਤਸਵੀਰ ਨੂੰ ਆਪਣੇ ਨਾਟਕਾਂ ਵਿਚ ਉਘਾੜਿਆ ਹੈ। ਇਨ੍ਹਾਂ ਨਾਟਕਾਂ ਵਿੱਚ ਨਾਟਕਕਾਰ ਨੇ ਨਿਮਨ ਮਜ਼ਦੂਰ ਵਰਗ ਦੀਆਂ ਸਮੱਸਿਆਵਾਂ, ਔਰਤ ਦੀ ਤ੍ਰਾਸਦਿਕ ਹਾਲਤ ਤੇ ਸਮਾਜਿਕ ਆਰਥਿਕ ਸਮੱਸਿਆਵਾਂ ਦੀ ਮੂਲ ਜੜ੍ਹ ਰਾਜ਼ਸੀ ਭ੍ਰਿਸ਼ਟਾਚਾਰੀ ਆਦਿ ਨੂੰ ਆਪਣੇ ਨਾਟਕਾਂ ਵਿੱਚ ਸਾਂਝੇ ਨੁਕਤੇ ਵਜੋਂ ਉਭਾਰਿਆ ਹੈ ਅਤੇ ਇਨ੍ਹਾਂ ਸਮੱਸਿਆਵਾਂ ਦੀ ਸਿਰਜਣਾ ਕਰਕੇ ਨਾਟਕਕਾਰ ਨੇ ਵੱਖ-ਵੱਖ ਢੰਗਾਂ ਨਾਲ ਦਰਸ਼ਕ/ ਪਾਠਕ ਵਰਗ ਦੇ ਸਨਮੁੱਖ ਕੀਤਾ ਹੈ। ਇਸ ਤਰ੍ਹਾਂ ਨਾਟ-ਵਸਤੂ ਦੀ ਦ੍ਰਿਸ਼ਟੀ ਤੋਂ ਨਾਟਕਕਾਰ ਜਤਿੰਦਰ ਬਰਾੜ ਨੇ ਨਿਮਨ ਲਿਖਤ ਅਨੁਸਾਰ ਆਪਣੇ ਨਾਟਕਾਂ ਦੇ ਵਸਤੂ-ਜਗਤ ਦੀ ਉਸਾਰੀ ਕੀਤੀ ਹੈ।

ਅਜੋਕੀ ਰਾਜਨੀਤੀ ਸਿਰਫ਼ ਰਾਜ ਕਰਨ ਦੀ ਕਲਾ ਹੀ ਨਹੀਂ ਹੈ ਬਲਕਿ ਕਿਸੇ ਪਦਵੀ ਤੇ ਚੁਣੇ ਜਾਣਾ ਅਤੇ ਫਿਰ ਪਦਵੀ ਤੇ ਬਣੇ ਰਹਿਣਾ ਵੀ ਹੈ। ਇਹੋ ਕਾਰਨ ਹੈ ਕਿ ਅੱਜ ਰਾਜਨੀਤੀ ਦਾ ਅਪਰਾਧੀਕਰਨ ਤੇ ਅਪਰਾਧ ਦਾ ਰਾਜਨੀਤੀਕਰਨ ਹੋ ਰਿਹਾ ਹੈ।2 ਕੌਮੀ ਆਗੂਆਂ ਦੇ ਘਟੀਆ, ਧੋਖੇਬਾਜ਼, ਭ੍ਰਿਸ਼ਟਾਚਾਰੀ, ਅਪਰਾਧੀ ਅਤੇ ਅਨੈਤਿਕ ਚਰਿਤਰ ਦਾ ਜਿੱਥੇ ਆਮ ਲੋਕਾਂ ਦੇ ਜੀਵਨ ਤੇ ਪ੍ਰਭਾਵ ਪੈਂਦਾ ਹੈ ਉਥੇ ਲੇਖਕਾਂ ਜਾਂ ਸਾਹਿਤਕਾਰਾਂ ਉਤੇ ਵੀ ਪ੍ਰਭਾਵ ਪੈਂਦਾ ਹੈ। ਸਾਹਿਤਕ ਵਿਧਾ ਨਾਟਕ ਵੀ ਰਾਜਨੀਤੀ ਦੇ ਪ੍ਰਭਾਵ ਤੋਂ ਸੱਖਣਾ ਨਹੀਂ ਰਿਹਾ। ਇਸ ਦ੍ਰਿਸ਼ਟੀ ਤੋਂ ਨਾਟਕਕਾਰ ਜਤਿੰਦਰ ਬਰਾੜ  ਦੇ ਨਾਟਕ 'ਲੋਹੇ ਦੀ ਭੱਠੀ', 'ਫ਼ਾਸਲੇ', 'ਕੁਦੇਸਣ' ਤੇ 'ਪਾਏਦਾਨ' ਨੂੰ ਲਿਆ ਜਾ ਸਕਦਾ ਹੈ। ਜਤਿੰਦਰ ਬਰਾੜ ਵੱਲੋਂ ਰਾਜਸੀ ਨੇਤਾਵਾਂ ਦੀਆਂ ਗਲਤ ਨੀਤੀਆਂ ਅਤੇ ਭ੍ਰਿਸ਼ਟ ਹੋ ਚੁੱਕੀ ਸਰਕਾਰ ਦੇ ਸਰਕਾਰੀ ਮਹਿਕਮਿਆਂ ਦੇ ਉੱਚ ਅਧਿਕਾਰੀਆਂ ਦੇ ਹੱਥਾਂ ਵਿੱਚ ਸਹਿਕਦੀ ਜਨ-ਸਧਾਰਨ ਦੀ ਜ਼ਿੰਦਗੀ ਨੂੰ ਆਪਣੇ ਨਾਟਕਾਂ ਵਿੱਚ ਬਾਖੂਬੀ ਬਿਆਨ ਕੀਤਾ ਹੈ। ਸਿਆਸੀ ਆਗੂਆਂ ਵੱਲੋਂ ਪਦਵੀ ਲਈ ਚੁਣੇ ਜਾਣਾ ਤੇ ਫਿਰ ਪਦਵੀ ਤੇ ਬਰਕਰਾਰ ਰਹਿਣ ਲਈ ਸਧਾਰਨ ਲੋਕਾਂ ਨਾਲ ਨਿੱਤ ਨਵੇਂ ਵਾਅਦੇ ਕਰਕੇ ਮੁਕਰ ਜਾਣਾ ਇੱਕ ਆਮ ਜਿਹੀ ਗੱਲ ਹੈ ਜਿਸ ਬਾਰੇ ਜਤਿੰਦਰ ਬਰਾੜ  ਦੇ ਨਾਟਕ 'ਫ਼ਾਸਲੇ' ਵਿਚਲੀ ਵਾਰਤਾਲਾਪ ਤੋਂ ਸਪਸ਼ਟ ਹੈ :

ਡਾਕਟਰ : ਤੋੜੀ ਕਿਉਂ ਨਹੀ ਜਾ ਸਕਦੀ? ਕਿਹੜੇ ਮਾਹੌਲ ਵਿਚ ਰਹਿੰਦੀ ਹੈ? (ਦਰਸ਼ਕਾਂ ਵੱਲ) ਸਾਡੇ ਸਮਾਜ ਦੇ ਵੱਡੇ ਵੱਡੇ ਲੋਗ ਵੱਡੀਆਂ ਵੱਡੀਆਂ ਕਸਮਾਂ ਖਾ ਕੇ, ਵਾਅਦੇ ਡਕਾਰ ਮਾਰ ਜਾਂਦੇ ਹਨ। ਉਨ੍ਹਾਂ ਦੀਆਂ ਕਸਮਾਂ ਖਾਧੀਆਂ (ਜ਼ੋਰ ਦੇ ਕੇ) ਖਾਧੀਆਂ ਹੀ ਜਾਂਦੀਆਂ ਹਨ। ਜਿਵੇਂ ਲਕੜੀ ਨੂੰ ਘੁਣ ਖਾਂ ਜਾਂਦਾ ਹੈ ਜਾਂ ਲੋਹੇ ਨੂੰ ਜੰਗਾਲ ਖਾ ਜਾਂਦਾ ਹੈ।3

© **Associated Asia Research Foundation (AARF)**

ਨਾਟਕਕਾਰ ਜਤਿੰਦਰ ਬਰਾੜ ਨੇ ਦੇਸ਼ ਦੇ ਸਾਰੇ ਰਾਜਸੀ ਢਾਂਚੇ ਤੇ ਲੋਕਾਂ ਵੱਲੋਂ ਚੁਣੇ ਹੋਏ ਨੁਮਾਇਦਿਆਂ ਵੱਲੋਂ ਤਹਿਸ-ਨਹਿਸ ਕੀਤੀ ਦੇਸ਼ ਦੀ ਕਾਨੂੰਨ ਵਿਵਸਥਾ ਨੂੰ ਪ੍ਰਗਟਾਉਂਦੇ ਹੋਏ ਦਰਸਾਇਆ ਹੈ ਕਿ ਇਨਸਾਨ ਲਈ ਕੋਰਟ, ਕਚਹਿਰੀਆਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ, ਕਿਉਂਕਿ ਓਥੇ ਵੀ ਸਰਕਾਰੀ ਜੱਜਾਂ ਤੋਂ ਲੈ ਕੇ ਵਕੀਲਾ ਤੱਕ, ਸਭ ਅਧਿਕਾਰੀਆਂ ਵੱਲੋਂ ਪੈਸੇ ਦੇ ਸਿਰ 'ਤੇ ਸੁਣਵਾਈ ਹੁੰਦੀ ਹੈ ਤੇ ਇਸ ਭ੍ਰਿਸ਼ਟਾਚਾਰ ਦਾ ਸ਼ਿਕਾਰ ਹੋ ਚੁੱਕੇ ਤੇ ਇਨਸਾਫ਼ ਲਈ ਜੂਝਦੇ ਸਾਧਾਰਨ ਲੋਕਾਂ ਦੀ ਸਾਰੀ ਉਮਰ ਬੀਤ ਜਾਂਦੀ ਹੈ, ਪਰ ਇਨਸਾਫ ਨਹੀਂ ਮਿਲਦਾ। ਇਸ ਗੱਲ ਨੂੰ ਹੀ ਦ੍ਰਿੜ ਕਰਾਉਂਦੀ ਹੈ, ਜਤਿੰਦਰ ਬਰਾੜ ਦੇ ਨਾਟਕ 'ਕੁਦੇਸਣ' ਵਿਚਲੀ ਹੇਠਲੀ ਵਾਰਤਾਲਾਪ :

ਸ਼ੇਰਾ : ਕਚੈਹਰੀ ਮੇਂ, ਹਾਈ ਕੋਟ ਮੇਂ ਕਹੋਗੀ, ਵਹੀ ਛੋੜ ਆਊਂਗਾ। ਵਹਾਂ ਵਕੀਲ ਕਰਨੇ ਪੜਤੇ ਹੈ। (ਦੋਹਾਂ ਹੱਥਾਂ ਨਾਲ ਇਸ਼ਾਰਾ ਕਰਦਾ ਹੋਇਆ) ਇਤਨੇ ਪੈਸੇ ਚਾਹੀਏ ! ਸੌ ਸਿੜੀ ਸਿਆਪੇ ਕਰਨੇ ਪੜ੍ਹਤੇ ਹੈ। ਪੰਦਰ੍ਹਾਂ ਸਾਲ ਮੁਕਦਮੇ ਚਲਤੇ ਹੈਂ। ਫਿਰ ਭੀ ਇਨਸਾਫ਼ ਨਹੀਂ ਮਿਲਤਾ। ਕਚੈਹਰੀ ਬੀਮਾਰੀ ਹੋਤੀ ਹੈ, ਬਿਮਾਰੀ! ਕਚੈਹਰੀ ਔਰ ਬੀਮਾਰੀ ਆਦਮੀ ਕੋ ਖਾ ਜਾਤੀ ਹੈਂ। ਪਤੈ ਹੈ ਕੁਛ?4

ਇਸ ਤਰ੍ਹਾਂ ਜਤਿੰਦਰ ਬਰਾੜ ਨੇ ਆਪਣੇ ਸਾਰੇ ਨਾਟਕਾਂ ਵਿੱਚ ਇਸ ਗੱਲ ਨੂੰ ਦ੍ਰਿੜਾਉਣ ਦੇ ਯਤਨ ਕੀਤੇ ਹਨ ਕਿ ਭ੍ਰਿਸ਼ਟਾਚਾਰੀ, ਲੁੱਟ-ਖੁਸੱਟ, ਦੰਗੇ-ਫਸਾਦ, ਅਸ਼ੁੱਧ ਵਾਤਾਵਰਣ, ਵੱਧਦੀ ਆਬਾਦੀ, ਕਮਜ਼ੋਰ ਸਮਾਜਿਕ ਆਰਥਿਕ ਅਵਸਥਾ, ਬੇਰੁਜ਼ਗਾਰੀ, ਜਾਤ-ਪਾਤ, ਔਰਤਾਂ ਦੀ ਤ੍ਰਾਸਦਿਕਤਾ ਆਦਿ ਗੰਭੀਰ ਸਮੱਸਿਆਵਾਂ, ਰਾਜਸੀ ਆਗੂਆਂ ਦੀ ਪੂਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੀ ਸੋਚ ਦਾ ਹੀ ਨਤੀਜਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਜਤਿੰਦਰ ਬਰਾੜ ਨੇ ਆਪਣੇ ਨਾਟਕਾਂ ਵਿਚ ਅਪਰਾਧੀਕਰਨ ਦੇ ਪੱਧਰ ਤਕ ਪਹੁੰਚ ਚੁੱਕੀ ਰਾਜਸੀ ਨੇਤਾਵਾਂ ਦੀ ਭ੍ਰਿਸ਼ਟ ਹੋ ਚੁੱਕੀ ਰਾਜਨੀਤੀ ਪ੍ਰਤੀ ਆਮ ਲੋਕਾਂ ਦੇ ਜਾਗਰੂਕ ਹੋਣ ਤਕ ਦੇ ਪ੍ਰਸੰਗਾਂ ਨੂੰ ਬੜੀ ਸਫਲਤਾ ਨਾਲ ਉਭਾਰਿਆ ਹੈ।

ਨਾਟਕ ਦੀ ਵਸਤੂ ਦੇ ਪੱਖ ਤੋਂ ਨਾਟਕਕਾਰ ਜਤਿੰਦਰ ਬਰਾੜ ਨੇ ਸਿਰਫ਼ ਜਾਤੀ ਅਧਾਰਿਤ ਲੋਕਾਂ ਦੇ ਹੁੰਦੇ ਸ਼ੋਸ਼ਣ ਨੂੰ ਹੀ ਪੇਸ਼ ਨਹੀਂ ਕੀਤਾ, ਸਗੋਂ ਸਮਾਜ ਵਿੱਚ ਰਹਿੰਦੇ ਉਨ੍ਹਾਂ ਦਲਿਤ ਵਰਗ ਦੇ ਲੋਕਾਂ ਦੀ ਤ੍ਰਾਸਦਿਕ ਹਾਲਤ ਦਾ ਪ੍ਰਗਟਾਵਾ ਵੀ ਕੀਤਾ ਹੈ ਜਿਨ੍ਹਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ ਤੇ ਦਬਾਇਆ, ਲਿਤਾੜਿਆ ਜਾ ਰਿਹਾ ਹੈ। ਜਤਿੰਦਰ ਬਰਾੜ ਨੇ ਆਪਣੇ ਨਾਟਕਾਂ ਵਿੱਚ ਅੱਤ ਦਰਜੇ ਦਾ ਮਾੜਾ ਜੀਵਨ ਬਤੀਤ ਕਰਦੇ ਨਿਮਨ ਸ਼੍ਰੇਣੀ ਦੇ ਲੋਕਾਂ ਦੀ ਮਾਨਸਿਕ ਤੇ ਸਰੀਰਕ ਪੀੜਾ ਨੂੰ ਪੇਸ਼ ਕੀਤਾ ਹੈ। ਇਸ ਸਮੱਸਿਆ ਨਾਲ ਸੰਬੰਧਿਤ ਜਤਿੰਦਰ ਬਰਾੜ ਦਾ ਪਹਿਲਾ ਨਾਟਕ 'ਲੋਹੇ ਦੀ ਭੱਠੀ' ਵਿੱਚ ਨਿਮਨ ਮਜ਼ਦੂਰ ਸ਼੍ਰੇਣੀ ਦੇ ਸਰੀਰਕ, ਮਾਨਸਿਕ ਤੇ ਆਰਥਿਕ ਸ਼ੋਸ਼ਣ ਨੂੰ ਪੇਸ਼ ਕੀਤਾ ਗਿਆ ਹੈ। ਨਾਟਕ ਵਿੱਚ ਲੋਹੇ ਦੀ ਭੱਠੀ ਤਪਸ਼ ਸਹਿੰਦੇ ਤੇ ਦਿਨ-ਰਾਤ ਹੱਡ ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਵੀ ਰੋਟੀ ਨੂੰ ਤਰਸਦੇ ਮਜ਼ਦੂਰਾਂ ਦੀ ਕਹਾਣੀ ਨੂੰ ਪੇਸ਼ ਕੀਤਾ ਹੈ। ਭੱਠੀ ਦੇ ਮਾਲਕ ਵੱਲੋਂ ਉਨ੍ਹਾਂ ਗ਼ਰੀਬ ਲੋਕਾਂ ਦੀਆਂ ਆਰਥਿਕ ਥੁੜ੍ਹਾਂ ਪੂਰੀਆਂ ਕਰਨ ਦੀ ਬਜਾਏ ਸਗੋਂ ਉਨ੍ਹਾਂ ਨੂੰ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਜਾਤੀ ਤੌਰ ਤੇ ਨੀਵਾਂ ਦਿਖਾਕੇ ਮਾਨਸਿਕ ਪੀੜਾਂ ਵੀ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਗ਼ਰੀਬ ਮਜ਼ਦੂਰਾਂ ਦੇ ਮਾਸੂਮ ਬੱਚੇ ਰੋਟੀ ਨੂੰ ਤਰਸਦੇ ਮਰ ਜਾਂਦੇ ਹਨ। ਇਸ ਨਾਇਨਸਾਫੀ ਕਾਰਨ ਕਈ ਗ਼ਰੀਬ ਨੌਜਵਾਨ ਹਿੰਸਾ ਦਾ ਰਾਹ ਅਖ਼ਤਿਆਰ ਕਰ ਲੈਂਦੇ ਹਨ ਤੇ ਕਈ ਪੇਟ ਦੀ ਭੁੱਖ ਅੱਗੇ ਮਜਬੂਰ ਹੋ ਕੇ ਭਿਖਾਰੀ ਬਣਨ ਲਈ ਮਜਬੂਰ ਹੋ ਜਾਂਦੇ ਹਨ ਜਿਸ ਬਾਰੇ ਨਾਟਕ ਦੀ ਵਾਰਤਾਲਾਪ ਤੋਂ ਸਪਸ਼ਟ ਹੁੰਦਾ ਹੈ -

ਬਾਬਾ - (ਜੋ ਵਿਚਾਲੇ ਖੜ੍ਹਾ ਹੈ, ਛੋਟੀ ਵੱਲ ਇਸ਼ਾਰਾ ਕਰਕੇ) ਕੀ ਬਣੇਗਾ ਇਸ ਸਮਾਜ ਦਾ ਜਿਥੇ ਬੇਕਸੂਰ ਭੱੁਖੇ ਮਰ ਰਹੇ ਹੋਣ (ਗੁਰਮੇਜੇ ਵੱਲ ਇਸ਼ਾਰਾ ਕਰਕੇ) ਕੀ ਬਣੇਗਾ ਇਸ ਸਮਾਜ ਦਾ ਜਿੱਥੇ ਕਾਮੇ ਭਿਖਾਰੀ ਬਣਨ ‘ਤੇ ਹੋ ਜਾਣ। (ਗਰੀਬੂ ਵੱਲ ਇਸ਼ਾਰਾ ਕਰਕੇ) ਕੀ ਬਣੇਗਾ ਇਸ ਸਮਾਜ ਦਾ ਜਿੱਥੇ ਗਰੀਬਾਂ ਨੂੰ ਇਹ ਸਮਾਜੀ ਮੱਖੀਆਂ ਟੂੰਬ ਰਹੀਆਂ ਹੋਣ। (ਇੰਜੀਨੀਅਰ ਵੱਲ ਇਸ਼ਾਰਾ ਕਰਕੇ) ਕੀ ਬਣੇਗਾ ਇਸ ਸਮਾਜ ਦਾ ਜਿੱਥੇ ਸਾਇੰਸ ਤੇ ਲਿਆਕਤ ਸੜ ਰਹੀ ਹੋਵੇ। (ਜੀਤੇ ਵੱਲ ਇਸ਼ਾਰਾ ਕਰਕੇ) ਕੀ ਬਣੇਗਾ ਇਸ ਸਮਾਜ ਜਿੱਥੇ ਜਵਾਨੀ ਹਿੰਸਾ ਦਾ ਰਾਹ ਅਪਣਾਉਣ ਲਈ ਮਜ਼ਬੂਰ ਹੋ ਜਾਏ। ਕੀ ਬਣੇਗਾ ਇਸ ਸਮਾਜ ਦਾ? ਕੀ ਬਣੇਗਾ ?

ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ ‘ਫ਼ਾਸਲੇ ਵਿਚ ਸਮਾਜ ਅੰਦਰ ਊਚ-ਨੀਚ ਮਜ਼ਬਾਂ, ਅਮੀਰੀ-ਗਰੀਬੀ, ਜਾਤ-ਪਾਤ ਦੇ ਦਿਨੋਂ-ਦਿਨ ਚੌੜੇ ਹੰੁਦੇ ਜਾ ਰਹੇ ਪਾੜੇ ਨੂੰ ਪੇਸ਼ ਕੀਤਾ ਗਿਆ ਹੈ। ਜਿਸ ਆਧਾਰਿਤ ਇਸ ਨਾਟਕ ਵਿਚ ਜਾਂਗਲੀ ਕਬੀਲੇ ਨਾਲ ਸੰਬੰਧਿਤ ‘ਨੂਰੀ’ ਨਾਂ ਦੀ ਸਪੇਰਨ ਕੁੜੀ, ਜੋ ਆਪਣੇ ਹੁਨਰ ਪੱਖੋਂ ਬੜੀ ਅਮੀਰ ਹੈ ਤੇ ਜੋ ਆਪਣੀਆਂ ਪੁਸ਼ਤਾਂ ਦੀ ਵਿਰਾਸਤ ਨੂੰ ਸੰਭਾਲਦੀ ਹੋਈ ਜਾਂਗਲੀ ਇਲਾਕਿਆ ਨਾਲ ਲਗਦੇ ਪਿੰਡਾ ਦੇ ਲੋਕਾਂ ਦੇ ਸੱਪ ਦੇ ਡੰਗੇ ਦਾ ਇਲਾਜ ਬਿਨਾਂ ਕਿਸੇ ਲਾਲਚ ਦੇ ਕਰਦੀ ਹੈ, ਪਰ ਉਹ ਪਿੰਡ ਦੇ ਸਰਕਾਰੀ ਡਿਊਟੀ ਨਿਭਾਉਂਦੇ ਡਾਕਟਰ ਦੀ ਪਤਨੀ ਤੇ ਮਾਂ ਦੇ ਅਮੀਰੀ ਦੇ ਡੰਗਾਂ ਦਾ ਸ਼ਿਕਾਰ ਹੋ ਜਾਂਦੀ ਹੈ ਜਿਸ ਬਾਰੇ ਨਾਟਕ ਵਿਚਲੇ ਪਾਤਰਾਂ ਦੀ ਵਾਰਤਾਲਾਪ ਤੋਂ ਸਪਸ਼ਟ ਹੈ-

ਬਚਨਾ - ਏਸ ਸਾਰੇ ਦੁਖਾਂਤ ਦਾ ਕੌਣ ਜ਼ੁੰਮੇਵਾਰ ਏ ?

ਦਾਰਾ - (ਦੁੱਖ ਅਤੇ ਗੁੱਸੇ ਵਿੱਚ) ਸਾਰਾ ਸਮਾਜ ਜ਼ੁੰਮੇਵਾਰ ਏ। ਜਿਸ ਸਮਾਜ ਦੇ ਲੋਕਾਂ ਵਿੱਚ ਊਚ-ਨੀਚ,ਜਾਤ-ਪਾਤ ਦੇ ਫ਼ਾਸਲੇ ਹੋਣਗੇ। (ਡੱਬੀ ਨੂੰ ਉਪਰ ਕਰਦਾ ਹੋਇਆ) ਉਥੇ ਹੁਨਰ ਸੜਦਾ ਰਹੇਗਾ। (ਮੁੰਦਰੀ ਉਪਰ ਕਰਦਾ ਹੋਇਆ) ਇਨਸਾਨੀਅਤ ਸੜਦੀ ਰਹੇਗੀ।

‘ਕੁਦੇਸਣ’ ਨਾਟਕ ਵਿਚ ਵੀ ਨਾਟਕਕਾਰ ਵਲੋਂ ਕਮਜ਼ੋਰ ਆਰਥਿਕ ਅਵਸਥਾ ਨੂੰ ਹੀ ਦਰਸਾਇਆ ਗਿਆ ਹੈ ਕਿ ਔਰਤ ਦੇ ਮਾਨਸਿਕ ਤੇ ਸਰੀਰਕ ਸ਼ੋਸ਼ਣ ਪਿੱਛੇ ਵੀ ਮੁੱਖ ਤੌਰ ਤੇ ਥੁੜ੍ਹਾਂ ਭਰੀ ਜ਼ਿੰਦਗੀ ਆਪਣਾ ਫਨ ਫੈਲਾਈ ਬੈਠੀ ਹੈ ਜਿਸ ਕਾਰਨ ਕਈ ਵਾਰੀ ਔਰਤ ਆਪਣੇ ਆਪ ਤੇ ਕਈ ਵਾਰੀ ਮਾਂ-ਬਾਪ ਵਲੋਂ ਕੁਝ ਸਿੱਕਿਆਂ ਦੇ ਲਾਲਚ ਵਿੱਚ ਵਿਕ ਜਾਂਦੀ ਹੈ।

ਆਧੁਨਿਕ ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ ‘ਪਾਏਦਾਨ’ ਵਿੱਚ ਸਮਾਜ ਦੇ ਗ਼ਰੀਬ ਬੱਚਿਆਂ ਦੀ ਤਰਸਯੋਗ ਸਥਿਤੀ ਨੂੰ ਦਰਸਾਇਆ ਗਿਆ ਹੈ ਕਿ ਇਕ ਪਾਸੇ ਅਮੀਰ ਘਰਾਣੇ ਵਿਚ ਝਾੜੂ, ਪੋਚੇ ਦਾ ਕੰਮ ਕਰਦੀ ਨੌਕਰਾਣੀ ‘ਬੀਰੋ’ ਦੀ 6-7 ਸਾਲ ਦੀ ਧੀ ‘ਗੁੱਡੀ’ ਹੈ ਜਿਸ ਨੂੰ ਪੇਟ ਦੀ ਭੱੁਖ ਮਿਟਾਉਣ ਲਈ ਇਕ ਬੁਰਕੀ ਤੱਕ ਵੀ ਨਸੀਬ ਨਹੀਂ ਹੁੰਦੀ ਅਤੇ ਇਸ ਪਾਸੇ ਘਰ ਦੇ ਮਾਲਕ ਡਾਕਟਰ ਦਾ ਮੁੰਡਾ ‘ਸੋਨੂੰ’ ਜਿਸ ਦੇ ਰੱਜੇ ਪੇਟ ਵਿੱਚ ਤਰ੍ਹਾਂ-ਤਰ੍ਹਾਂ ਦੇ ਪਕਵਾਨਾਂ ਨੂੰ ਮੱਲੋ-ਜ਼ੋਰੀ ਧੱਕਿਆ ਜਾਂਦਾ ਹੈ, ਪਰ ਗੁੱਡੀ ਨੂੰ ਉਸ ਘਰ ਵਿੱਚ ਰੁਲਦੇ ਪਕਵਾਨਾਂ ਵਿੱਚੋਂ ਇੱਕ ਸੁੱਕੀ ਰੋਟੀ ਵੀ ਨਸੀਬ ਨਹੀਂ ਹੁੰਦੀ ਅਤੇ ਨਿਮਨ ਵਰਗ ਦੇ ਗਰੀਬ ਲੋਕਾਂ ਦੀ ਭੱੁਖ ਕਿੰਝ ਤਰਲੇ ਭਰਦੀ ਹੈ। ਇਸ ਦਾ ਅੰਦਾਜ਼ਾ ਨਾਟਕ ਵਿਚਲੇ ਗੀਤ ਦੇ ਬੋਲਾਂ ਤੋਂ ਲਗਾਇਆ ਜਾ ਸਕਦਾ ਹੈ-

ਦੁੱਖਾਂ ਦੀ ਰਾਤ ਘਣੀ, ਸਾਡੀ ਵਿਹੜੇ ਆਣ ਪਈ,

ਹਾਏ ਸਾਡੀ ਇਹ ਜਿੰਦਗੀ, ਕਿਉਂ ਪਾਏਦਾਨ ਰਹੀ।

ਕਿਉਂ ਪਾਏਦਾਨ ਰਹੀ, ਕਿਉਂ ਪਾਏਦਾਨ ਰਹੀ।

ਸਾਡੇ ਤੋਂ ਮਿਟਦੀ ਨਾ, ਢਿਡਾਂ ਦੀ ਭੁੱਖ ਕਦੇ।

ਸਾਡੇ ਤੋਂ ਮਿਟਦੀ ਨਾ, ਢਿਡਾਂ ਦੀ ਭੁੱਖ ਕਦੇ।

ਕਈਆਂ ਪਿੱਛੇ ਫਿਰਦੀ ਜ਼ਿੰਦਗੀ ਪਕਵਾਨ ਲਈ।

ਕਈਆਂ ਪਿੱਛੇ ਫਿਰਦੀ ਜ਼ਿੰਦਗੀ ਪਕਵਾਨ ਲਈ।

ਉੱਪਰ ਦਿੱਤੇ ਵਿਵਰਣ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਜਤਿੰਦਰ ਬਰਾੜ ਦੇ ਚਾਰੋਂ ਨਾਟਕਾਂ ਵਿੱਚ ਨਿਮਨ ਗਰੀਬ ਵਰਗ ਦੇ ਲੋਕਾਂ ਦੀ ਸਮਾਜਿਕ, ਆਰਥਿਕ, ਰਾਜਨੀਤਿਕ, ਮਾਨਸਿਕ ਤੇ ਜਾਤ-ਪਾਤ ਦੇ ਤੌਰ ਤੇ ਹੁੰਦੀ ਲੱੁਟ-ਖਸੱੁਟ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੀ ਪੱਖ ਤੋ ਸਮਾਜ ਦੀ ਉਸ ਤਿੰਨ ਸ਼੍ਰੇਣੀਆਂ (ਉੱਚ ਵਰਗ, ਮੱਧਮ ਵਰਗ ਤੇ ਨਿਮਨ ਵਰਗ) ਦੀ ਵੰਡ ਵਿੱਚ ਸਭ ਤੋਂ ਵੱਧ ਸਮਾਜ ਦੀ ਉਸ ਨਿਮਨ ਸ਼੍ਰੇਣੀ ਮਾਨਸਿਕ, ਸਰੀਰਕ ਪੀੜਾ ਨੂੰ ਦਰਸਾਇਆ ਗਿਆ ਹੈ ਜਿਨ੍ਹਾਂ ਨੂੰ ਜਾਤ-ਪਾਤ, ਊਚ-ਨੀਚ, ਅਮੀਰੀ-ਗਰੀਬੀ ਅਨੁਸਾਰ ਵੰਡਕੇ ਸਮਾਜ ਦੀ ਉਸ ਹਨੇਰੀ ਗੁਫ਼ਾ ਵਿੱਚ ਧੱਕ ਦਿੱਤਾ ਜਾਂਦਾ ਹੈ ਜਿੱਥੇ ਸਮੇਂ ਦੀ ਸਰਕਾਰ ਤੇ ਸਾਡੇ ਸਮਾਜ ਵੱਲੋਂ ਅਣੇਵੇਖਿਆ ਕਰ ਸਕਦਾ ਹੈ। ਇਸ ਲਈ ਕਿਹਾ ਜਾ ਸਕਦਾ ਹੈ ਕਿ ਨਾਟਕਕਾਰ ਜਤਿੰਦਰ ਬਰਾੜ ਅਪਣੇ ਨਾਟਕ ‘ਲੋਹੇ’ ਦੀ ਭੱਠੀ ‘ਫ਼ਾਸਲੇ’, ‘ਪਾਏਦਾਨ’ ਤੇ ‘ਕੁਦੇਸਣ’ ਰਾਹੀਂ ਸਮਾਜ ਅੰਦਰ ਗਰੀਬੀ ਦੀ ਰੇਖਾ ਹੇਠ ਵਸਦੇ ਲੋਕਾਂ ਦੀ ਤ੍ਰਾਸਦਿਕ ਹਾਲਤ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਸਮਾਜਿਕ, ਆਰਥਿਕ, ਰਾਜਨੀਤਿਕ ਤੌਰ ਤੇ ਉਨ੍ਹਾਂ ਕਮਜ਼ੋਰ ਲੋਕਾਂ ਦੇ ਮਨਾਂ ਆਪਣੇ ਹੱਕਾਂ ਪ੍ਰਤੀ ਆ ਰਹੀ ਜਾਗਰੂਕਤਾ ਨੂੰ ਵੀ ਦਰਸਾਇਆ ਹੈ।

ਵਰਗ-ਸੰਘਰਸ਼ ਜਾਂ ਜਾਤੀ ਵੰਡ ਦੇ ਆਧਾਰ ਤੇ ਜਿੱਥੇ ਨੀਵੇਂ ਵਰਗਾਂ ਦਾ ਸ਼ੋਸ਼ਣ ਹੋ ਰਿਹਾ ਹੈ ਉਥੇ ਔਰਤ ਵੀ ਸਦੀਆਂ ਤੋਂ ਸਮਾਜਿਕ ਜਬਰ, ਆਰਥਿਕ, ਸਿਆਸੀ, ਸਭਿਆਚਾਰਕ ਤੇ ਮਾਨਸਿਕ ਗੁਲਾਮੀ ਦਾ ਸ਼ਿਕਾਰ ਰਹੀ ਹੈ। ਅੱਜ ਦੀ ਔਰਤ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਦੇ ਨਾਲ-ਨਾਲ ਨੈਤਿਕ ਸ਼ੋਸ਼ਣ ਦਾ ਸ਼ਿਕਾਰ ਵੀ ਹੋ ਰਹੀ ਹੈ। ਨਾਟਕਕਾਰ ਜਤਿੰਦਰ ਬਰਾੜ ਨੇ ਅਪਣੇ ਸਾਰੇ ਨਾਟਕਾਂ ਵਿਚ ਸਮਾਜਿਕ ਜਬਰ, ਆਰਥਿਕ, ਰਾਜਨੀਤਿਕ, ਸਭਿਆਚਾਰਕ ਤੇ ਮਾਨਸਿਕ ਸ਼ੋਸ਼ਣ ਦੀ ਸ਼ਿਕਾਰ ਔਰਤ ਦੀ ਤ੍ਰਾਸਦਿਕ ਹਾਲਤ ਨੂੰ ਪ੍ਰਗਟਾਇਆ ਹੈ।

ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ ‘ਲੋਹੇ’ ਦੀ ਭੱਠੀ ਵਿੱਚ ‘ਬਚਨੀ’ ਨਾਂ ਦੀ 30 ਸਾਲਾਂ ਦੀ ਮਜਦੂਰ ਔਰਤ ਜੋ ਹੋਰ ਮਜ਼ਦੂਰਾਂ ਨਾਲ ਲੋਹੇ ਦੀ ਭੱਠੀ ਤੇ ਆਪਣਾ ਆਪਾ ਗਾਲਕੇ ਆਪਣੀ 3-4 ਸਾਲਾਂ ਦੀ ਧੀ ਦੀ ਚੰਗੀ ਪਰਵਰਿਸ਼ ਕਰਨਾ ਚਾਹੰੁਦੀ ਹੈ ਤੇ ਉਹ ਭੱਠੀ ਦੇ ਮੁਲਾਜ਼ਮ ‘ਜਮਾਂਦਾਰ’ ਦੀ ਗ਼ਲਤ ਨਜ਼ਰ ਤੇ ਉਸਦੇ ਘਟੀਆਂ ਬੋਲਾਂ ਨੂੰ ਸਹਿੰਦੀ ਹੋਈ ਸਰੀਰਕ ਤੇ ਮਾਨਸਿਕ ਪੀੜਾ ਦਾ ਸ਼ਿਕਾਰ ਹੰੁਦੀ ਹੋਈ ਵੀ ਅਪਣੀ ਧੀ ਨੂੰ ਇਕ ਰੋਟੀ ਦੇਣ ਤੋਂ ਅਸਮਰੱਥ ਰਹਿੰਦੀ ਹੈ।

ਨਾਟਕਕਾਰ ਜਤਿੰਦਰ ਬਰਾੜ ਨੇ ਅਪਣੇ ਨਾਟਕ ‘ਫ਼ਾਸਲੇ’ ਵਿੱਚ ਵੀ ਔਰਤ ਦੀ ਦੁਖਦਾਇਕ ਸਥਿਤੀ ਨੂੰ ਪੇਸ਼ ਕੀਤਾ ਹੈ। ਇਸ ਨਾਟਕ ਦੀ ਮੁੱਖ ਨਾਇਕਾ ‘ਨੂਰੀ’ ਇਕ ਜਾਂਗਲੀ ਕਬੀਲੇ ਨਾਲ ਸੰਬੰਧਿਤ ਤੇ ਕਿੱਤੇ ਪੱਖੋਂ ਇਕ ਸਪੇਰਨ ਹੈ ਜਿਸਨੂੰ ਪਿੰਡ ਦੇ

ਸਰਕਾਰੀ ਹਸਪਤਾਲ ਦੇ ਕੰਪਾਊਡਰ ਤੇ ਫਕੀਰਾਂ ਨਾਂ ਦੇ ਪਾਤਰ ਵੱਲੋਂ ਕੁਝ ਪੈਸਿਆਂ ਦੇ ਲਾਲਚ ਵਿੱਚ ਵੇਚਣ ਦਾ ਯਤਨ ਕੀਤਾ ਜਾਂਦਾ ਹੈ, ਜਿਨ੍ਹਾਂ ਤੋਂ ਭਾਵੇ ਉਹ ਬਚ ਨਿਕਲਦੀ ਹੈ, ਪਰ ਡਾਕਟਰ ਦੀ ਮਾਂ ਤੇ ਪਤਨੀ ਦੀਆਂ ਚਾਲਾਂ ਦਾ ਸ਼ਿਕਾਰ ਹੋ ਜਾਂਦੀ ਹੈ। ਔਰਤ ਨਾਲ ਸ਼ੁਰੂ ਤੋਂ ਹੁੰਦੀ ਧੱਕੇਸ਼ਾਹੀ ਦਾ ਉਦੋਂ ਹੋਰ ਵੀ ਪਤਾ ਲਗਦਾ ਹੈ ਜਦੋਂ 'ਨੂਰੀ' ਆਪਣੇ ਕਬੀਲੇ ਦੇ ਭੈੜੇ ਰਿਵਾਜ਼ ਬਾਰੇ ਦੱਸਦੀ ਹੋਈ ਆਖਦੀ ਹੈ -

ਨੂਰੀ - ਜਦੋਂ ਕੁੜੀ ਛੇਆਂ-ਸੱਤਾਂ ਵਰ੍ਹਿਆਂ ਦੀ ਹੁੰਦੀ ਏ ਨਾ, ਤਾਂ ਇਕ ਦਿਨ ਮਿੱਥਕੇ ਢੰਡੋਰਾ ਫੇਰ ਦਿੱਤਾ ਜਾਂਦਾ ਏ।

ਡਾਕਟਰ - ਫੇਰ!

ਨੂਰੀ - ਫੇਰ ਕੀ ਬਾਬੂ। ਫੇਰ ਬੋਲੀ ਲੱਗਦੀ ਈ। ਜਿਸ ਦੀ ਬੋਲੀ ਸਭ ਤੋਂ ਉੱਚੀ ਹੋਵੇ। ਉਦੇ ਨਾਲ ਗੱਲ ਪੱਕੀ ਹੁੰਦੀ ਆਈ।

ਆਧੁਨਿਕ ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ 'ਲੋਹੇ' ਦੀ ਭੱਠੀ' ਤੇ ਫ਼ਾਸਲੇ ਤੋਂ ਇਲਾਵਾ ਮੁੱਖ ਤੌਰ ਤੇ 'ਕੁਦੇਸਣ' ਨਾਟਕ ਔਰਤ ਦੀ ਮਾਨਸਿਕ ਤੇ ਸਰੀਰਕ ਪੀੜਾ ਨੂੰ ਦਰਸਾਉਂਦਾ ਨਾਟਕ ਹੈ। ਇਸ ਨਾਟਕ ਵਿਚ ਕੇਵਲ ਪੰਜਾਬ ਵਿੱਚ ਹੀ ਨਹੀਂ, ਸਗੋਂ ਭਾਰਤ ਦੇ ਬਾਕੀ ਪ੍ਰਾਤਾਂ, ਵੱਡੇ-ਵੱਡੇ ਸ਼ਹਿਰਾਂ ਵਿੱਚ ਤੇ ਗ਼ਰੀਬੀ ਕਾਰਨ ਪਛੜੇ ਇਲਾਕਿਆਂ ਵਿੱਚ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਔਰਤਾਂ ਦੀ ਤਰਸਯੋਗ ਹਾਲਤ ਨੂੰ ਪੇਸ਼ ਕੀਤਾ ਹੈ। ਗਰੀਬੀ ਕਾਰਨ ਇਸ ਦਲਦਲ ਵਿੱਚ ਧਸੀਆਂ ਔਰਤਾਂ ਦੀ ਹਾਲਤ ਨੂੰ 'ਕੁਦੇਸਣ' ਨਾਟਕ ਦੀ ਵਾਰਤਾਲਾਪ ਤੋਂ ਭਲੀਭਾਂਤ ਜਾਣਿਆ ਜਾ ਸਕਦਾ ਹੈ :-

ਪਾਲਾ ਸਿੰਘ - ਜਨਾਨੀਆਂ ਲਿਆਉਂਦਾ ਕਿਥੋਂ ਏ, ਵੇਚਣ ਲਈ।

ਸ਼ੇਰਾ - ਏਥੇ ਬਥੇਰੀਆਂ ਬਿਹਾਰਨਾਂ ਭੁੱਖੀਆਂ ਮਰਦੀਆਂ ਫਿਰਦੀਆਂ ਨੇ। ਸਾਰੇ ਹਿੰਦੁਸਤਾਨ ਵਿੱਚ ਸਪਲਾਈ ਹੁੰਦੀਆਂ ਨੇ ਏਥੋਂ। ਆਪਣੇ ਪੰਜਾਬ ਵਿੱਚ ਕੁਦੇਸਣਾਂ ਦੀ ਬਾਲ੍ਹੀ ਸਪਲਾਈ ਏਥੋਂ ਹੀ ਜਾਂਦੀ ਏ। ਚਾਚਾ ਤੇਰੀ ਗੱਲਬਾਤ ਵੀ ਹੁਣੇ ਕਰਵਾ ਦੇਂਦੇ ਆ। ਕਾਹਲਾ ਨਾ ਪੈ।

'ਕੁਦੇਸਣ' ਨਾਟਕ ਵਿੱਚ 'ਗੰਗਾ ਨਾਂ ਦੀ 20 ਸਾਲਾਂ ਦੀ ਬਿਹਾਰਨ ਕੁੜੀ, ਜਿਸ ਨੂੰ ਮਤਰੇਈ ਮਾਂ ਤੇ ਬਾਪ ਵੱਲੋਂ ਪੰਜਾਬ ਦੇ 50 ਸਾਲਾਂ ਦੇ ਬੁੱਢੇ 'ਪਾਲਾ ਸਿੰਘ' ਨੂੰ ਵੇਚ ਦਿੱਤਾ ਜਾਂਦਾ ਹੈ ਜਦਕਿ ਪਾਲਾ ਸਿੰਘ ਦੀਆਂ ਆਪਣੀਆਂ ਧੀਆਂ 'ਗੰਗਾ' ਦੇ ਹਾਣ ਦੀਆਂ ਹਨ, ਪਰ ਇਕ ਜਾਇਦਾਦ ਸਾਂਭਣ ਵਾਲੇ ਪੁੱਤਰ ਦੀ ਕਮੀ ਕਾਰਨ ਉਹ ਅਪਣੀ ਧੀਆਂ ਦੇ ਬਰਾਬਰ ਦੀ ਕੁੜੀ 'ਗੰਗਾ' ਨੂੰ ਨਾਜਾਇਜ਼ ਤੌਰ ਤੇ ਆਪਣੇ ਘਰ ਰੱਖਦਾ ਹੈ ਤੇ ਉਸ ਘਰ ਵਿਚ 'ਗੰਗਾ' ਨਾਲ ਪਸ਼ੂਆਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਹੈ। ਪੁੱਤਰ ਦੇ ਜਨਮ ਤੋਂ ਬਾਅਦ 'ਗੰਗਾ' ਨੂੰ ਜਬਰਦਸਤੀ ਕਿਸੇ 'ਸੈਮੂਅਲ' ਨਾਂ ਦੇ ਸ਼ਰਾਬੀ ਇਨਸਾਨ ਨੂੰ ਵੇਚ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਨਾਟਕਕਾਰ ਜਤਿੰਦਰ ਬਰਾੜ ਨੇ ਆਪਣੇ ਨਾਟਕ ਵਿਚ 'ਗੰਗਾ' ਵਰਗੀਆਂ ਔਰਤਾਂ ਦੀ ਤ੍ਰਾਸਦਿਕ ਸਥਿਤੀ ਨੂੰ ਪੇਸ਼ ਕਰਕੇ ਸਮਾਜ ਦੀਆਂ ਉਨ੍ਹਾਂ ਅਣਗਿਣਤ ਸਰੀਰਕ ਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਔਰਤਾਂ ਦੀ ਤ੍ਰਾਸਦਿਕ ਹਾਲਤ ਨੂੰ ਪੇਸ਼ ਕੀਤਾ ਹੈ ਜੋ ਗਰੀਬੀ ਕਾਰਨ ਆਪਣੇ ਆਪ ਨੂੰ ਤੇ ਕਈ ਵਾਰੀ ਮਾਂ-ਬਾਪ ਜਾਂ ਰਿਸ਼ਤੇਦਾਰਾਂ ਵੱਲੋਂ ਵੇਚ ਦਿੱਤੀਆਂ ਜਾਂਦੀਆਂ ਹਨ ਤੇ ਭਿਆਨਕ ਰੂਪ ਧਾਰ ਚੁੱਕੀ ਉਨ੍ਹਾਂ ਔਰਤਾਂ ਦੀ ਜ਼ਿੰਦਗੀ ਨੂੰ ਜ਼ਿੰਦਗੀ ਕਹਿਣਾ ਵਾਜਿਬ ਹੀ ਨਹੀਂ ਜਾਪਦਾ। ਜਿਸ ਬਾਰੇ ਨਾਟਕ ਦੀ ਵਾਰਤਾਲਾਪ ਤੋਂ ਸਪਸ਼ਟ ਹੈ-

ਸ਼ੇਰਾ- ਪਤਾ ਭੀ ਹੈ ਕੁਛ, ਤੁਮਾਰੀ ਬੜੀ ਬਹਿਨ ਕਾ ਕਿਹਾ ਹਸ਼ਰ ਹੂਆ ਹੋਗਾ। ਅਬ ਤੱਕ ਹਜ਼ਾਰੋਂ (ਹੋਰ ਜ਼ੋਰ ਦੇ ਕੇ) ਹਜ਼ਾਰੋਂ ਲੋਗੋਂ ਨੇ ਉਸ ਕੀ ਇਜ਼ਤ ਕੋ ਬਰਬਾਦ ਕੀਆ ਹੋਗਾ। ਉਸ ਕੋ ਨੋਚਾ ਹੋਗਾ। ਕਿਆ ਪਤਾ ਵੋਹ ਅਬ ਤੱਕ ਜਿੰਦਾ ਭੀ ਹੈ ਕੇ ਨਹੀਂ। ਕਯਾ ਪਤਾ ਕਿਸ ਕੋਠੜੀ ਮੇਂ ਕੌਣ ਸੀ ਬਿਮਾਰੀ ਸੇ ਸੜ ਰਹੀ ਹੋਗੀ। ਹੈ ਕੁਛ ਪਤਾ?10

ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਜਤਿੰਦਰ ਬਰਾੜ ਦੇ ਨਾਟਕ 'ਕੁਦੇਸਣ' ਦਾ ਮੁੱਖ ਪ੍ਰਧਾਨ ਵਿਸ਼ਾ ਔਰਤ ਦੀ ਪੀੜਾਂ ਭਰੀ ਜਿੰਦਗੀ ਦੇ ਆਸ-ਪਾਸ ਫੈਲਿਆ ਹੋਇਆ ਹੈ। ਇਸ ਤਰ੍ਹਾਂ ਇਸ ਨਾਟਕ ਦੀ ਪਾਤਰ 'ਗੰਗਾ' ਵਰਗੀਆਂ, ਪਤਾ ਨਹੀਂ ਕਿੰਨੀਆਂ ਕੁ ਬੇਵਸ ਔਰਤਾਂ ਸਰੀਰਕ ਤੇ ਮਾਨਸਿਕ ਪੀੜਾਂ ਨੂੰ ਸਹਿੰਦੀਆਂ ਹੋਈਆਂ, ਆਪਣੇ ਹੀ ਦੇਸ਼ ਵਿਚ ਕੁਦੇਸਣਾਂ ਵਾਲਾ ਜੀਵਨ ਬਤੀਤ ਕਰਦੀਆਂ ਹਨ।

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਨਾਟਕਕਾਰ ਜਤਿੰਦਰ ਬਰਾੜ ਨੇ ਆਪਣੇ ਸਾਰੇ ਨਾਟਕਾਂ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਔਰਤ 'ਤੇ ਸਦੀਆਂ ਤੋਂ ਹੁਣ ਤੱਕ ਹੁੰਦੇ ਆ ਰਹੇ ਸ਼ੋਸ਼ਣ ਨੂੰ ਦਰਸ਼ਕ ਵਰਗ ਅੱਗੇ ਪੇਸ਼ ਕੀਤਾ ਹੈ। ਅਜੋਕੇ ਯੁੱਗ ਵਿੱਚ ਭਾਵੇਂ ਜ਼ਿਆਦਾਤਰ ਇਹ ਹੀ ਸੁਣਿਆ ਜਾਂਦਾ ਹੈ ਕਿ ਔਰਤ ਦਾ ਸ਼ੋਸ਼ਣ ਤਾਂ ਲਗਾਤਾਰ ਬਰਕਰਾਰ ਹੈ ਜੇ ਕੁਝ ਬਦਲਿਆ ਹੈ ਤਾਂ ਸ਼ੋਸਣ ਕਰਨ ਦੇ ਢੰਗ ਬਦਲੇ ਹਨ। ਜਤਿੰਦਰ ਬਰਾੜ ਦੇ ਨਾਟਕਾਂ ਵਿਚ ਔਰਤ ਹੀ ਦੁਖਦਾਇਕ ਸਥਿਤੀ ਬਾਰੇ ਇਕ ਗੱਲ ਹੋਰ ਉੱਭਰਕੇ ਆਉਂਦੀ ਹੈ। ਉਹ ਇਹ ਹੈ ਕਿ ਔਰਤ ਵੀ ਬਰਾਬਰੀ ਦੀ ਭਾਗੀਦਾਰ ਬਣੀ ਹੋਈ ਹੈ। ਨਾਟਕਕਾਰ ਨੇ ਅਪਣੇ ਨਾਟਕਾਂ ਵਿਚ ਔਰਤ ਦੇ ਦੋਹਰੇ ਕਿਰਦਾਰ ਨੂੰ ਸਿਰਜਦਿਆਂ ਪ੍ਰਗਟਾਇਆ ਹੈ ਕਿ ਜੇਕਰ ਇਕ ਪਾਸੇ ਬੇਵਸ ਤੇ ਲਾਚਾਰ ਔਰਤਾਂ ਸਰੀਰਕ ਤੇ ਮਾਨਸਿਕ ਸੰਤਾਪ ਝੱਲ ਰਹੀਆਂ ਹਨ ਤਾਂ ਦੂਜੇ ਪਾਸੇ ਔਰਤ ਦੀ ਇਸ ਤ੍ਰਾਸਦਿਕ ਹਾਲਤ ਵਿੱਚ ਮਰਦ ਦੇ ਨਾਲ-ਨਾਲ ਔਰਤ ਦੀ ਵੀ ਉਨ੍ਹਾਂ ਹੀ ਹਿੱਸਾ ਹੈ।

ਜਿਸ ਬਾਰੇ ਹੋਰ ਸਪੱਸ਼ਟਤਾ 'ਕੁਦੇਸਣ' ਨਾਟਕ ਦੀ ਵਾਰਤਾਲਾਪ ਤੋਂ ਹੁੰਦੀ ਹੈ-

ਵੀਰੋ- ਸਤਿਆਨਾਸ ਏਨਾਂ ਕਾਲੇ ਮੂੰਹ ਵਾਲਿਆਂ ਦਾ। ਨਿਹੱਥੀ ਤੀਵੀਂ ਅੱਗੇ ਹੀ ਏਨਾਂ ਦਾ ਜ਼ੋਰ ਚਲਦੈ। ਵੱਡੇ ਮਰਦ ਬਣੇ ਫਿਰਦੇ ਨੇ। ਮਰਦ ਜਾਤ ਹੀ ਬੜੀ ਚੰਦਰੀ ਹੁੰਦੀ ਆ। ਦੁਰ ਫਿੱਟੇ ਮੂੰਹ ਇਹਨਾਂ ਮਰਦਾਂ ਦਾ। ਨਾਮਾ - ਮਰਦਾਂਨੂੰ ਕਿਉਂ ਫਿਟਕਾਂ ਦੇਣ ਡਈ ਏ ਸ਼ਦੈਣੇ। ਤੀਵੀਂ ਦਾ ਸਭ ਤੋਂ ਵੱਡਾ ਦੁਸ਼ਮਣ ਤੀਵੀਂ ਹੀ ਹੁੰਦੀ ਆ। ਵੇਖ ਆ, ਆ ਸਾਰਾ ਕੁਝ ਕਰਾਉਣ ਵਾਲੀ ਤਾਂ ਜੀਤੋ ਈ ਏ ਨਾ। ਜਨਾਨੀ ਤੇ ਜ਼ੁਲਮ ਕਰਨ ਵਾਲੀ ਹਮੇਸ਼ਾ ਜਨਾਨੀ ਹੁੰਦੀ ਆ।

ਅਜੋਕੇ ਦੌਰ ਵਿੱਚ ਚਰਚਾ ਦਾ ਵਿਸ਼ਾ ਬਣੇ 'ਰੱਬ ਦੀ ਹੋਂਦ,ਅਣਹੋਂਦ' ਦੇ ਮਸਲੇ ਨੂੰ ਬੜੀ ਗੰਭੀਰਤਾ ਨਾਲ ਵਿਚਾਰਿਆ ਜਾ ਰਿਹਾ ਹੈ। ਅਜੋਕਾ ਮਨੁੱਖ ਸੁਣੀ ਸੁਣਾਈ ਗੱਲ ਤੇ ਯਕੀਨ ਕਰਨ ਦੀ ਬਜਾਏ ਆਪਣੇ ਆਲੇ-ਦੁਆਲੇ ਨੂੰ ਚੰਗੀ ਤਰ੍ਹਾਂ ਆਪਣੀ ਬੌਧਿਕ ਸ਼ਕਤੀ ਦੀ ਕਸਵੱਟੀ ਤੇ ਪਰਖ ਕੇ ਹੀ ਕਿਸੇ ਵੀ ਨਤੀਜੇ ਤੇ ਪਹੁੰਚਦਾ ਹੈ। ਰੱਬ ਪ੍ਰਤੀ ਵੀ ਉਸਦੀ ਅਜਿਹੀ ਹੀ ਧਾਰਨਾ ਬਣ ਚੁੱਕੀ ਹੈ। ਕਿਉਂਕਿ ਜਦੋਂ ਮਨੁੱਖ ਸਮਕਾਲੀ ਸਮਾਜ ਵਿੱਚ ਜਾਤ-ਪਾਤ, ਅਮੀਰੀ-ਗਰੀਬੀ, ਉਚ-ਨੀਚ, ਅਨਪੜ੍ਹਤਾ, ਬੇਰੁਜ਼ਗਾਰੀ, ਵੱਧਦੀ ਆਬਾਦੀ, ਹਿੰਸਾ, ਦੰਗੇ-ਫਸਾਦ, ਇਸਤਰੀ ਦਮਨ ਆਦਿ ਸਮੱਸਿਆਵਾਂ ਦੇ ਦਰਪੇਸ਼ ਹੁੰਦਾ ਹੈ ਤਾਂ ਉਸਦਾ ਰੱਬ ਦੀ ਹੋਂਦ ਵਿੱਚ ਅਵਿਸ਼ਵਾਸ ਜਾਗ ਉੱਠਦਾ ਹੈ।

ਜਤਿੰਦਰ ਬਰਾੜ ਨੇ ਵੀ ਆਪਣੇ ਨਾਟਕਾਂ ਵਿੱਚ ਸਮਾਜ ਦੇ ਉਸ ਵਰਗ ਵਿਚ ਰੱਬ ਪ੍ਰਤੀ ਪੈਦਾ ਹੋਏ ਨਜ਼ਰੀਏ ਨੂੰ ਪੇਸ਼ ਕੀਤਾ ਹੈ ਜੋ ਸਮਾਜ ਵਿਚ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ, ਸਭਿਆਚਾਰਕ, ਸਰੀਰਕ ਤੇ ਮਾਨਸਿਕ ਪੀੜਾ ਨੂੰ ਹੰਢਾਉਂਦੇ ਹਨ ਤੇ ਅਜਿਹੀ ਤ੍ਰਾਸਦਿਕ ਹਾਲਤ ਵਿੱਚ ਆਪਣਾ ਜੀਵਨ ਬਤੀਤ ਕਰਨ ਵਾਲੇ ਲੋਕਾਂ ਦਾ ਰੱਬ ਪ੍ਰਤੀ ਕੀ ਨਜ਼ਰੀਆ ਹੈ ਇਸ ਬਾਰੇ 'ਲੋਹੇ ਦੀ ਭੱਠੀ' ਵਿੱਚ ਪਾਤਰਾਂ ਦੀ ਆਪਸੀ ਵਾਰਤਾਲਾਪ ਤੋਂ ਸਪਸ਼ਟ ਹੈ-

ਜੀਤਾ- ਬਿਲਕੁਲ ਫਜ਼ੂਲ, ਰੱਬ ਰੁਬ ਕੱਖ ਨਹੀਂ।

ਗਰੀਬੂ- ਹੋ ਵੀ ਸਕਦਾ ਏ।

ਜੀਤਾ- ਜੇ ਹੋਵੇ ਵੀ ਤਾਂ ਜਿਸ ਰੱਬ ਦੇ ਹੁੰਦੀਆਂ, ਛੋਟੀ ਵਰਗੀਆਂ ਬੇਕਸੂਰ ਬੱਚੀਆ ਭੁੱਖ ਨਾਲ ਤੜਫ ਰਹੀਆਂ ਹੋਣ, ਜਿਸ ਰੱਬ ਦੇ ਹੁੰਦਿਆਂ ਕਈ ਗਰੀਬ ਧੀਆਂ ਭੈਣਾਂ ਦਾ ਜਿਸਮ ਚੰਢਿਆ ਜਾਵੇ, ਜਿਸ ਰੱਬ ਦੇ ਹੁੰਦਿਆਂ ਚੋਰ, ਲਹੂ ਪੀਣੇ ਆਨੰਦ ਮਾਣ ਦਾ ਹੋਣ। ਲਾਹਨਤ ਹੈ ਇਹੋ ਜਿਹੇ ਰੱਬ 'ਤੇ, ਤੇ ਲਾਹਨਤ ਏ ਉਹਦੇ ਪੁਜਾਰੀਆਂ 'ਤੇ।12

ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕ 'ਕੁਦੇਸ਼ਣ' ਦੀ ਨਾਇਕਾ 'ਗੰਗਾ' ਜੋ ਵਾਰੋ-ਵਾਰੀ ਮਰਦਾਂ ਦੇ ਜ਼ੋਰ ਜ਼ੁਲਮ ਦਾ ਸ਼ਿਕਾਰ ਹੁੰਦੀ ਹੋਈ ਵੀ, ਪੱਧਰ ਦੇ ਰੂਪ ਵਿੱਚ ਆਪਣੇ ਭਗਵਾਨ ਨੂੰ ਪੂਜਦੀ ਹੈ ਅਤੇ ਉਹ ਮਰਦ ਹੀ ਉਸ ਭਗਵਾਨ ਦਾ ਮਖੌਲ ਉਡਾਉਂਦਿਆਂ, ਉਸ 'ਤੇ ਵਿਅੰਗ ਕਰਦੇ ਆਖਦੇ ਹਨ-

ਸੈਮੂਅਲ- ਰੱਬ! ਅੱਛਾ ਇਹ ਰੱਬ ਐ ਤੇਰਾ। ਤੂੰ ਏਸ ਰੱਬ ਨੂੰ ਮੰਨਦੀ ਏ। ਚਲ ਤਿੰਨ ਹਜ਼ਾਰ 'ਚ ਤੇਰਾ ਰੱਬ ਵੀ ਵੇਖ ਲਿਆ। (ਪੱਥਰ ਨਾਲ ਗੱਲਾਂ ਕਰਦਾ ਹੋਇਆ) ਹੈਲੋ ਰੱਬ ਜੀ ਹਾਓ ਡੂ ਯੂ ਡੂ? (ਗੰਗਾ ਵੱਲ ਵੇਖਕੇ) ਪਿਆਰੇ ਰੱਬ ਜੀ ਵੀ ਨਾਲ ਹੀ ਅਗਵਾ ਹੋ ਗਏ ਸਨ। ਬੜਾ ਡਰ ਲੱਗਾ ਹਊ ਰੱਬ ਜੀ ਵਿਚਾਰਿਆਂ ਨੂੰ ਅਗਵਾ ਹੋਣ ਲੱਗਿਆਂ। (ਦਰਸ਼ਕਾਂ ਵੱਲ) ਬੰਦੇ ਤੇ ਅਗਵਾ ਹੋਏ ਵੇਖੇ ਸੀ, ਅੱਜ ਰੱਬ ਨੂੰ ਵੀ ਅਗਵਾ ਹੋਇਆ ਵੇਖ ਲਿਆ।13

ਆਧੁਨਿਕ ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕਾਂ ਵਿੱਚ ਇਕ ਪਾਸੇ ਉਹ ਲੋਕ ਹਨ ਜੋ ਪੈਸੇ ਦੇ ਬਲ ਤੇ ਆਪਣਾ ਮਾਨ ਸਨਮਾਨ ਕਾਇਮ ਰੱਖਦੇ ਹੋਏ ਬੜਾ ਸੁਆਰਥ ਭਰਿਆ ਜੀਵਨ ਬਤੀਤ ਕਰਦੇ ਹਨ ਤੇ ਇਸ ਸੁਆਰਥ ਦੀ ਖਾਤਰ ਉਹ ਗਰੀਬ ਲੋਕਾਂ ਦੇ ਹੱਕਾਂ ਨੂੰ ਵੀ ਡਕਾਰ ਮਾਰ ਜਾਂਦੇ ਹਨ। ਉਨ੍ਹਾਂ ਗਰੀਬ ਲੋਕਾਂ ਵਿੱਚ ਰੱਬ ਪ੍ਰਤੀ ਅਵਿਸ਼ਵਾਸ ਉਦੋਂ ਹੋਰ ਵੀ ਪੀਡਾ ਹੋ ਜਾਂਦਾ ਹੈ, ਜਦੋਂ ਉਨ੍ਹਾਂ ਦੀ ਅੱਖਾਂ ਸਾਹਮਣੇ, ਉਨ੍ਹਾਂ ਦੇ ਮਾਸੂਮ ਬੇਕਸੂਰ ਬੱਚੇ ਇਕ ਰੋਟੀ ਲਈ ਤਿਲਮਲਾਉਂਦੇ ਮਰ ਜਾਂਦੇ ਹਨ। ਜਤਿੰਦਰ ਬਰਾੜ ਦੇ ਨਾਟਕ 'ਪਾਏਦਾਨ' ਵਿੱਚ ਇਸ ਤਰ੍ਹਾਂ ਦੀ ਹਾਲਤ ਨੂੰ ਹੀ ਦਰਸਾਇਆ ਗਿਆ ਹੈ। ਇਸ ਤਰ੍ਹਾਂ ਨਿਮਨ ਸ਼੍ਰੇਣੀ ਦੇ ਲੋਕ ਮੁਸ਼ਕਿਲਾਂ ਨਾਲ ਜੂਝਦੇ-ਜੂਝਦੇ ਮੌਤ ਦੇ ਹਵਾਲੇ ਹੋ ਜਾਂਦੇ ਹਨ, ਪਰ ਉਨ੍ਹਾਂ ਨੂੰ ਨਾ ਜਿਉਂਦਿਆਂ ਜੀਅ ਇਸ ਸਮਾਜ ਦੇ ਕਾਨੂੰਨ ਤੋਂ ਤੇ ਨਾ ਹੀ ਰੱਬ ਤੋਂ ਕਦੇ ਇਨਸਾਫ ਮਿਲਦਾ ਹੈ, ਜਿਸ ਕਰਕੇ ਉਨ੍ਹਾਂ ਲੋਕਾਂ ਦੇ ਜਿਹਨਾਂ ਵਿੱਚ ਰੱਬ ਦੀ ਅਣਹੋਂਦ ਹੀ ਘਰ ਕਰ ਜਾਂਦੀ ਹੈ। ਨਾਟਕਕਾਰ ਜਤਿੰਦਰ ਬਰਾੜ ਨੇ ਇਸ ਗ਼ਰੀਬ ਵਰਗ ਦੇ ਲੋਕਾਂ ਦੀ ਦ੍ਰਿਸ਼ਟੀ ਤੋਂ ਹੀ ਰੱਬ ਦੀ ਹੋਂਦ ਤੇ ਅਣਹੋਂਦ ਨੂੰ ਆਪਣੇ ਨਾਟਕਾਂ ਵਿੱਚ ਵਿਚਾਰਿਆ ਹੈ।

ਨਾਟਕਕਾਰ ਜਤਿੰਦਰ ਬਰਾੜ ਨੂੰ ਸਮਕਾਲੀ ਸਮੇਂ ਵਿੱਚ ਬੜੀ ਤੇਜੀ ਨਾਲ ਬਦਲਦੇ ਮਨੁੱਖੀ ਰਿਸ਼ਤਿਆਂ ਬਾਰੇ ਆਪਣੇ ਨਾਟਕਾਂ ਵਿੱਚ ਡੂੰਘੀ ਤਰ੍ਹਾਂ ਚਰਚਾ ਕੀਤੀ ਹੈ। ਅਜੋਕੇ ਸਮੇਂ ਵਿੱਚ ਭੂਗੋਲਿਕ ਤੌਰ ਤੇ ਦੁਨੀਆਂ ਵਿਚਕਾਰਲੀ ਦੂਰੀ ਭਾਵੇਂ ਬੜੀ ਘੱਟ ਹੋ

ਗਈ ਹੈ, ਪਰ ਮਨੁੱਖੀ ਮਨਾਂ ਵਿੱਚ ਤੇ ਮਨੁੱਖੀ ਰਿਸ਼ਤੀਆਂ ਵਿੱਚ ਬੜੀ ਤੀਖਣ ਰਫ਼ਤਾਰ ਨਾਲ ਬਦਲਾਅ ਆ ਰਿਹਾ ਹੈ ਤੇ ਜ਼ਿਆਦਾਤਰ ਪਰਿਵਾਰਾਂ ਵਿੱਚ ਰਿਸ਼ਤੇ ਸਿਰਫ ਨਾਮ ਦੇ ਰਿਸ਼ਤੇ ਬਣਕੇ ਰਹਿ ਗਏ ਹਨ। ਕੁਝ ਅਜਿਹੀ ਹਾਲਤ ਨੂੰ ਹੀ ਜਤਿੰਦਰ ਬਰਾੜ ਨੇ ਆਪਣੇ ਨਾਟਕ 'ਕੁਦੇਸ਼ਣ' ਵਿੱਚ ਪੇਸ਼ ਕੀਤਾ ਹੈ ਕਿ 'ਗੰਗਾ' ਨਾਂ ਦੀ ਬਿਹਾਰਨ ਕੁੜੀ ਨੂੰ ਉਸਦੇ ਸਕੇ ਬਾਪ ਤੇ ਮਤਰੇਈ ਮਾਂ ਵੱਲੋਂ ਹੀ ਪੰਜਾਬ ਦੇ ਇਕ ਬੁੱਢੇ ਆਦਮੀ ਨੂੰ ਵੇਚ ਦਿੱਤਾ ਜਾਂਦਾ ਹੈ। ਇਨ੍ਹਾਂ ਰਿਸ਼ਤਿਆਂ ਵਿੱਚ ਆਈ ਕਰੂਰਤਾ ਦੇ ਰੂਪ ਨਾਟਕ ਵਿਚਲੀ ਵਾਰਤਾਲਾਪ ਤੋਂ ਜਾਇਆ ਜਾ ਸਕਦਾ ਹੈ-

ਸ਼ੇਰਾ- ਤੋਂ ਫਿਰ ਕਹਾਂ ਜਾਓਗੀ? ਵੋ ਆਪਣੇ ਉਸ ਬਾਪ ਕੇ ਪਾਸ ਜਾਓਗੀ ਜਿਸ ਨੇ ਤੁਮਾਰੀ ਬੜੀ ਬਹਿਨ ਕੋ ਪਹਿਲੇ ਬੇਜਤ ਕੀਆ ਫਿਰ ਉਸ ਕੋ ਬੰਬਈ ਕੇ ਕੋਠੇ ਵਾਲੇ ਪਾਸ ਬੇਚ ਦੀਆਂ, ਉਸ ਸਤੇਲੀ ਮਾਂ ਕੇ ਪਾਸ ਜਾਓਗੀ ਜਿਸਨੇ ਤਝੇ ਬੇਚਨੇ ਕੇ ਲੀਏ ਬੀਸੋਂ ਚੱਕਰ ਜੋਰੇ ਕੇ ਹੋਟਲ ਕੇ ਲਗਾਏ। ਜਾਓਗੀ ਵਹਾਂ ? ਵੋਹ ਅਬ ਤੁਮੇ ਬੰਬਈ ਵਾਲੇ ਵਪਾਰੀ ਕੇ ਪਾਸ ਬੇਚੇਂਗੇ। ਫਿਰ ਤੁਮ ਸੀਧਾ, ਸ਼ਾਟ ਕੱਟ, ਬੰਬਈ ਕਿਉਂ ਨਹੀਂ ਜਾਤੀ?14

ਅਜੋਕੇ ਸਮੇਂ ਨੂੰ ਵਿਗਿਆਨਕ ਯੁੱਗ ਦਾ ਨਾਂ ਦਿੱਤਾ ਜਾਂਦਾ ਹੈ ਤੇ ਸਾਡੇ ਦੇਸ਼ ਦੀਆਂ ਸਰਕਾਰਾਂ ਲਈ ਭਾਵੇ ਦੇਸ਼ ਦੀ ਬਹੁਤ ਤਰੱਕੀ ਹੁੰਦੀ ਹੋਵੇ, ਪਰ ਇਸ ਤਰੱਕੀ ਨੇ ਸਮਾਜ ਦੇ ਪਹਿਲਾਂ ਹੀ ਗਰੀਬੀ ਵਿੱਚ ਜਿਉਂਦੇ ਲੋਕਾਂ ਦੇ ਪੱਲੇ ਬੇਰੁਜ਼ਗਾਰੀ ਪਾ ਕੇ ਉਨ੍ਹਾਂ ਨੂੰ ਇਕ ਵਕਤ ਦੀ ਰੋਟੀ ਤੋਂ ਵੀ ਲਾਚਾਰ ਕਰ ਦਿੱਤਾ ਹੈ, ਜਿਸ ਕਰਕੇ ਦੇਸ਼ ਦੀਆਂ ਸੜਕਾਂ ਤੇ ਫੁੱਟਪਾਥਾਂ ਤੇ ਉਨ੍ਹਾਂ ਗਰੀਬ ਲੋਕਾਂ ਦਾ ਵਰਤਮਾਨ ਤੇ ਭਵਿੱਖ ਰੁਲ ਰਿਹਾ ਹੈ ਤੇ ਰੁਲਦਾ ਰਹੇਗਾ। ਬਿਲਕੁਲ ਇਸ ਸਥਿਤੀ ਨੂੰ ਉਜਾਗਰ ਕਰਦਾ ਜਤਿੰਦਰ ਬਰਾੜ ਦਾ ਨਾਟਕ 'ਲੋਹੇ ਦੀ ਭੱਠੀ' ਵਿਚ ਸਾਇੰਸ ਦੀ ਇਸ ਤਰੱਕੀ ਪਿੱਛੇ ਛੁਪੀ ਅਸਲੀਅਤ ਨੂੰ ਉਜਾਗਰ ਕੀਤਾ ਗਿਆ ਹੈ-

ਬਾਬਾ- ਇੰਜੀਨੀਅਰ ਸਾਹਿਬ ਤੁਸੀਂ ਭੁੱਲ ਗਏ ਓ। ਜੋ ਇਨਸਾਨ ਇਕ ਪਾਸੇ ਚੰਦ 'ਤੇ ਪਹੁੰਚ ਗਿਆ ਹੈ ਤਾਂ ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਇਨਸਾਨ ਹੀ ਭੁੱਖੇ ਪੇਟ ਸੜਕਾਂ ਦੀਆਂ ਪਟੜੀਆਂ ਤੇ ਸੌਂ ਰਿਹਾ ਏ। ਜੇ ਇਕ ਪਾਸੇ ਇਨਸਾਨ ਪੂਰੀ ਐਸ਼ੋ ਆਰਾਮ ਦੀ ਜਿੰਦਗੀ ਬਿਤਾ ਰਿਹਾ ਤਾਂ ਦੂਸਰੇ ਪਾਸੇ ਇਹ ਵੀ ਸੱਚ ਹੈ ਕਿ ਇਨਸਾਨ ਹੀ ਕੀੜਿਆਂ ਵਾਂਗ ਝੁੱਗੀਆਂ ਵਿੱਚ ਨਰਕ ਕੱਟ ਰਿਹਾ ਹੈ। ਤੁਸੀਂ ਸੱਚਾਈ ਤੋਂ ਮੂੰਹ ਨਹੀਂ ਮੋੜ ਸਕਦੇ।15

ਇਸ ਤਰ੍ਹਾਂ ਨਾਟਕਕਾਰ ਨੇ ਨਾਟਕ 'ਲੋਹੇ ਦੀ ਭੱਠੀ' ਵਿਚ ਇਸ ਗੱਲ ਨੂੰ ਦ੍ਰਿੜਾਇਆ ਹੈ ਕਿ ਦੇਸ਼ ਦੀ ਤਰੱਕੀ ਸਿਰਫ਼ ਅਮੀਰ ਵਰਗ, ਵੱਡੇ-ਵੱਡੇ ਨੇਤਾਵਾਂ ਤੇ ਸਰਕਾਰੀ ਮਹਿਕਮਿਆਂ ਦੇ ਵੱਡੇ-ਵੱਡੇ ਅਧਿਕਾਰੀਆਂ ਦੇ ਘਰਾਂ ਦੀਆਂ ਚੋਹਾਂ ਨੁਕਰਾਂ ਨੂੰ ਰੁਸ਼ਨਾ ਰਹੀ ਹੈ ਜਦਕਿ ਨਿਮਨ ਸ਼੍ਰੇਣੀ ਦੇ ਲੋਕਾਂ ਦੀਆਂ ਝੁੱਗੀਆਂ ਵਿੱਚ ਇੱਕ ਵਕਤ ਦੀ ਰੋਟੀ ਪਕਣ ਦੀ ਵੀ ਕੋਈ ਆਸ ਦੀ ਕਿਰਨ ਨਹੀਂ ਦਿੰਦੀ।

ਇਸ ਪ੍ਰਕਾਰ ਜਿੱਥੇ ਨਾਟਕਕਾਰ ਜਤਿੰਦਰ ਬਰਾੜ ਨੇ ਆਪਣੇ ਨਾਟਕਾਂ ਵਿੱਚ ਸਾਇੰਸ ਦੀ ਤੱਰਕੀ ਨੂੰ ਪੂਰੇ ਸਮਾਜ ਦੀ ਤਰੱਕੀ ਨਾ ਕਹਿ ਕੇ, ਇਸ ਤਰੱਕੀ ਦੇ ਸੰਬੰਧ ਨੂੰ ਦੇਸ਼ ਦੇ ਅਮੀਰ ਵਰਗ ਨਾਲ ਜੋੜਿਆ ਹੈ ਉਥੇ ਸਾਇੰਸ ਦੀਆਂ ਨਿੱਤ ਨਵੀਆਂ ਹੋ ਰਹੀਆਂ ਕਾਢਾਂ ਦੀ ਦੁਰਵਰਤੋਂ ਬਾਰੇ ਵੀ ਧਿਆਨ ਕਰਵਾਇਆ ਹੈ ਕਿ ਕਿਵੇਂ ਡਾਕਟਰੀ ਸਾਇੰਸ ਵਿੱਚ ਹੋ ਰਹੀਆਂ ਨਵੀਆਂ-ਨਵੀਆਂ ਕਾਢਾਂ ਕਾਰਨ ਜਨਮ ਤੋਂ ਪਹਿਲਾਂ ਹੀ ਮਾਂ ਦੇ ਪੇਟ ਵਿਚ ਮੁੰਡੇ ਜਾਂ ਕੁੜੀ ਹੋਣ ਦਾ ਟੈਸਟ ਕਰਵਾਇਆ ਜਾਂਦਾ ਹੈ ਜਿਸ ਦੀ ਨਾਜਾਇਜ਼

ਵਰਤੋਂ ਕਰਕੇ ਡਾਕਟਰਾਂ ਤੇ ਪਰਿਵਾਰਾਂ ਵੱਲੋਂ ਦੁਨੀਆਂ ਤੇ ਆਉਣ ਤੋਂ ਪਹਿਲਾਂ ਹੀ, ਪਤਾ ਨਹੀਂ ਕਿੰਨੀਆ ਕੁ ਮਾਸੂਮ ਬੱਚੀਆਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਜਿਸ ਬਾਰੇ ਜਤਿੰਦਰ ਬਰਾੜ ਨੇ ਆਪਣੇ ਨਾਟਕ 'ਕੁਦੇਸ਼ਣ' ਵਿਚ ਹੋਰ ਵੀ ਵਧੇਰੇ ਸਪੱਸ਼ਟ ਕੀਤਾ ਹੈ-

ਸਰਪੰਚ- ਸੱਚ ਇਕ ਗੱਲ ਹੋਰ, ਤੂੰ ਆਪਣੀ ਘਰਵਾਲੀ ਨੂੰ ਸ਼ੈਹਰ ਲਜਾ ਕੇ ਓ ਕੁੜੀ ਮੁੰਡੇ ਵਾਲਾ ਟੈਸਟ ਕਰਾ ਛੱਡੀਂ। ਜੇ ਕੁੜੀ ਹੋਵੇ ਤਾਂ ਓਥੇ ਈ ਗੱਡੀ ਚੜ੍ਹਾ ਆਵੀਂ। ਜੇ ਮੁੰਡਾ ਨਿਕਲਿਆ ਮੱਟ ਪਾ ਛੱਡੀਂ। ਪਹਿਲੇ ਤੋੜ ਦੀ ਮੇਰੇ ਲਈ ਰੱਖ ਲਈ।16

ਉਪਰੋਕਤ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਨਾਟਕਕਾਰ ਜਤਿੰਦਰ ਬਰਾੜ ਵੱਲੋਂ ਆਪਣੀ ਸੂਖ਼ਮ ਦ੍ਰਿਸ਼ਟੀ ਤੋਂ ਕੰਮ ਲੈਂਦਿਆਂ ਕੇਵਲ ਰਾਜਮੀ ਚਰਿੱਤਰ, ਸਮਾਜਿਕ ਆਰਥਿਕ ਸਥਿਤੀ, ਤੇ ਔਰਤ ਦੀ ਤ੍ਰਾਸਦਿਕ ਹਾਲਤ ਆਦਿ ਮਸਲਿਆਂ ਨੂੰ ਹੀ ਨਹੀਂ, ਸਗੋਂ ਸਮਾਜ ਵਿੱਚ ਹੋਰ ਸੂਖ਼ਮ ਤੇ ਅਣਗੌਲੀਆਂ ਸਮੱਸਿਆਵਾਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ ਹੈ। ਨਾਟਕਕਾਰ ਜਤਿੰਦਰ ਬਰਾੜ ਨੇ ਆਪਣੇ ਨਾਟਕਾਂ ਵਿੱਚ ਜੀਵਨ ਯਥਾਰਥ ਦੀ ਕਿਸੇ ਵੀ ਸਮੱਸਿਆ ਦੀ ਸਿਰਜਣਾ ਸਮੇਂ, ਉਸ ਸਮੱਸਿਆ ਦੇ ਸਮਾਧਾਨ ਲਈ ਜਾਂ ਉਸਨੂੰ ਬਦਲਣ ਲਈ ਉਸਨੇ ਜਿਹੜੇ ਸੰਘਰਸ਼ ਨੂੰ ਆਪਣੇ ਨਾਟਕਾਂ ਵਿਚ ਦਿਖਾਇਆ ਹੈ ਉਸਦਾ ਕੋਈ ਨਾ ਕੋਈ ਸੰਬੰਧ ਰਾਜਸੀ ਪਹਿਲੂਆਂ ਨਾਲ ਜ਼ਰੂਰ ਦਰਸਾਇਆ ਹੈ ਕਿਉਂਕਿ ਮਨੁੱਖੀ ਕਦਰਾਂ-ਕੀਮਤਾਂ ਦਾ ਰਾਜਨੀਤੀ ਨਾਲ ਡੂੰਘਾ ਸਬੰਧ ਹੈ। ਇਸ ਤਰ੍ਹਾਂ ਨਾਟਕਕਾਰ ਜਤਿੰਦਰ ਬਰਾੜ ਨੇ ਆਪਣੇ ਚਾਰੋਂ ਨਾਟਕਾਂ ਵਿਚ ਰਾਜਨੀਤਿਕ ਭ੍ਰਿਸਟਾਚਾਰੀ, ਸਮਾਜਿਕ ਆਰਥਿਕ ਕੁਰੀਤੀਆਂ- ਗਰੀਬੀ, ਜਾਤ-ਪਾਤ, ਊਚ-ਨੀਚ ਰਿਸ਼ਤੇ ਅਨਪੜ੍ਹਤਾ, ਹਿੰਸਾ, ਬੇਰੁਜ਼ਗਾਰੀ, ਔਰਤ ਦੀ ਤ੍ਰਾਸਦਿਕ ਸਥਿਤੀ, ਬਦਲਦੇ ਮਨੁੱਖੀ ਰਿਸ਼ਤੇ ਆਦਿ ਸਮੱਸਿਆ ਨੂੰ ਆਪਣੇ ਨਾਟਕਾਂ ਵਿੱਚ ਪੇਸ਼ ਕਰਕੇ ਸਿਰਫ਼ ਤ੍ਰਾਸਦਿਕ ਪ੍ਰਸਥਿਤੀਆਂ ਦੀ ਸਿਰਜਣਾ ਹੀ ਨਹੀਂ ਕੀਤੀ, ਸਗੋਂ ਇਨ੍ਹਾਂ ਤ੍ਰਾਸਦਿਕ ਪਰਿਸਥਿਤੀਆਂ ਵਿਚ ਗੁਜ਼ਰਦੇ ਮਜ਼ਦੂਰ ਵਰਗ ਦੇ ਲੋਕਾਂ ਵਿਚ ਪੁੰਗਰਦੀ ਅਵਸਥਾ ਤੇ ਰਾਜਸੀ ਚਰਿੱਤਰ ਨਾਟਕਕਾਰ ਜਤਿੰਦਰ ਬਰਾੜ ਦੇ ਨਾਟਕਾਂ ਦੀ ਮੁੱਖ ਸੁਰ ਬਣਕੇ ਉੱਭਰਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਨਾਟਕਕਾਰ ਜਤਿੰਦਰ ਬਰਾੜ ਨੇ ਆਪਣੇ ਨਾਟਕਾਂ ਦੇ ਮੁੱਖ ਨੂੰ ਪਾਠਕ-ਦਰਸ਼ਕਾਂ ਤੱਕ ਪਹੁੰਚਾਉਣ ਲਈ ਸਫ਼ਲਤਾ ਹਾਸਿਲ ਕੀਤੀ ਹੈ।

ਹਵਾਲੇ ਅਤੇ ਟਿੱਪਣਈਆਂ


1. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ ਸਰੂਪ ਸਿਧਾਂਤ ਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ-18

2. ਭੀਮ ਇੰਦਰ ਸਿੰਘ, ਸਮਾਜ ਸਿਆਸਤ ਤੇ ਸਾਹਿਤ, ਲਿਟਰੇਚਰ ਹਾਊਸ, ਅੰਮ੍ਰਿਤਸਰ, 2000, ਪੰਨਾ-64

3. ਜਤਿੰਦਰ ਬਰਾੜ, ਫ਼ਾਸਲੇ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1992, ਪੰਨੇ 39-40

4. ਜਤਿੰਦਰ ਬਰਾੜ, ਕੁਦੇਸਣ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001, ਪੰਨੇ 61-62

5. ਜਤਿੰਦਰ ਬਰਾੜ, ਲੋਹੇ ਦੀ ਭੱਠੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2001, ਪੰਨਾ-72

6. ਜਤਿੰਦਰ ਬਰਾੜ, ਫ਼ਾਸਲੇ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1992, ਪੰਨਾ-113

7. ਜਤਿੰਦਰ ਬਰਾੜ, ਪਾਏਦਾਨ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2005, ਪੰਨਾ-12

8. ਜਤਿੰਦਰ ਬਰਾੜ, ਫ਼ਾਸਲੇ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1992, ਪੰਨੇ-49-50

9. ਜਤਿੰਦਰ ਬਰਾੜ, ਕੁਦੇਸਣ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001, ਪੰਨਾ-11

10. ਉਹੀ, ਪੰਨਾ-61

11. ਉਹੀ, ਪੰਨਾ-88

12. ਜਤਿੰਦਰ ਬਰਾੜ, ਲੋਹੇ ਦੀ ਭੱਠੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2001, ਪੰਨਾ-69

13. ਜਤਿੰਦਰ ਬਰਾੜ, ਕੁਦੇਸਣ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001, ਪੰਨਾ-93

14. ਉਹੀ, ਪੰਨਾ-61

15. ਜਤਿੰਦਰ ਬਰਾੜ, ਲੋਹੇ ਦੀ ਭੱਠੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2001, ਪੰਨਾ-63

16. ਜਤਿੰਦਰ ਬਰਾੜ, ਕੁਦੇਸਣ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001, ਪੰਨਾ-64

17. ਜਤਿੰਦਰ ਬਰਾੜ, ਪਾਏਦਾਨ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2005, ਪੰਨਾ-47

18. ਜਤਿੰਦਰ ਬਰਾੜ, ਲੋਹੇ ਦੀ ਭੱਠੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2001, ਪੰਨਾ-47

19. ਜਤਿੰਦਰ ਬਰਾੜ, ਲੋਹੇ ਦੀ ਭੱਠੀ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2001, ਪੰਨਾ-44

20. ਜਤਿੰਦਰ ਬਰਾੜ, ਪਾਏਦਾਨ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 2005, ਪੰਨਾ-41

21. ਜਤਿੰਦਰ ਬਰਾੜ, ਫ਼ਾਸਲੇ, ਨਾਨਕ ਸਿੰਘ ਪੁਸਤਕ ਮਾਲਾ, ਅੰਮ੍ਰਿਤਸਰ, 1992, ਪੰਨਾ-38

22. ਜਤਿੰਦਰ ਬਰਾੜ, ਕੁਦੇਸਣ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2001, ਪੰਨਾ-55